# ਪੈਰੀਓਡੌਂਟਲ ਬਿਮਾਰੀ

**ਪੈਰੀਓਡੌਂਟਲ ਬਿਮਾਰੀ, ਬਾਲਗ਼ਾਂ ਵਿੱਚ ਦੰਦਾਂ ਦੇ ਿਡਿੱਗਣ ਦਾ ਮੁੱਖ ਕਾਰਣ ਹੈ**

ਪੈਰੀਓਡੌਂਟਲ ਬਿਮਾਰੀ ਦੇ ਸ਼ੁਰੂਆਤੀ ਅਤੇ ਹਲਕੇ ਦੌਰ ਵਿੱਚ ਕੁਝ ਲੱਛਣ, ਜੇ ਕੋਈ ਹਨ, ਨਜ਼ਰ ਆ ਸਕਦੇ ਹਨ। ਪਰ ਵਧੀ ਹੋਈ ਪੈਰੀਓਡੌਂਟਲ ਬਿਮਾਰੀ ਦੇ ਚਿੰਤਾਜਨਕ ਲੱਛਣਾਂ ਵਿੱਚ ਸ਼ਾਮਿਲ ਹੋ ਸਕਦੇ ਹਨ, ਲਾਲ, ਸੁੱਜੇ ਹੋਏ ਜਾਂ ਲਹੂ ਵਗਦੇ ਮਸੂੜੇ; ਲਗਾਤਾਰ ਆਉਣ ਵਾਲਾ ਬਦਬੂਦਾਰ ਸਾਹ; ਸਥਾਈ ਦੰਦਾਂ ਦਾ ਢਿੱਲੇ ਜਾਂ ਮਸੂੜਿਆਂ ਨਾਲੋਂ ਵੱਖ ਹੋਣਾ;    ਜਾਂ ਕਿਸੇ ਚੀਜ਼ ਨੂੰ ਚੱਕ ਮਾਰਨ ਵੇਲੇ ਦੰਦਾਂ ਦੀ ਤਰਤੀਬ ਬਦਵਣਾ।

ਪੈਰੀਓਡੌਂਟਲ ਬਿਮਾਰੀ ਦੀਆਂ ਕਈ ਸਟੇਜਾਂ ਅਤੇ ਰੂਪ ਹਨ, ਇਹਨਾਂ ਵਿੱਚ ਸ਼ਾਮਲ ਹਨ:

## ਮਸੂੜਿਆਂ ਵਿੱਚ ਜਲਨ




## ਪੈਰੀਓਡੌਂਟੀਟੀਸ

ਜੇਕਰ ਇਲਾਜ ਨਾ ਕਰਾਇਆ ਜਾਵੇ ਤਾਂ ਮਸੂੜਿਆਂ ਵਿੱਚ ਲਗੀ ਲਾਗ ਹੱਡੀਆਂ ਅਤੇ ਨਾਲ ਲੱਗਦੇ ਟਿਸ਼ੂਆਂ ਨੂੰ ਖ਼ਰਾਬ ਕਰ ਦਿੰਦੀ ਹੈ।




## ਵਧੀ ਹੋਈ ਪੈਰੀਓਡੌਂਟੀਟੀਸ

ਇਸ ਸਟੇਜ ਤੇ ਪਹੁੰਚ ਕੇ ਮਸੂੜੇ ਹੋਰ ਪਿੱਛੇ ਹਟ ਜਾਂਦੇ ਹਨ ਅਤੇ ਦੰਦਾਂ ਨਾਲੋਂ ਵੱਖ ਹੋ ਜਾਂਦੇ ਹਨ।




## ਪੈਰੀਓਡੌਂਟਲ ਬਿਮਾਰੀ ਨੂੰ ਚੈਕ ਕਰਨਾ

ਨਿਯਮਿਤ ਚੈਕ ਅੱਪ ਦੌਰਾਨ ਤੁਹਾਡਾ ਦੰਦਾਂ ਦਾ ਡਾਕਟਰ ਵੇਖੇਗਾ ਕਿ ਤੁਹਾਨੂੰ ਪੈਰੀਓਡੌਂਟਲ ਬਿਮਾਰੀ ਹੈ ਜਾਂ ਨਹੀਂ। ਪੈਰੀਓਡੌਂਟਲ ਜਾਂਚ ਦੀ ਵਰਤੋਂ ਕਰਕੇ ਪਤਾ ਕੀਤਾ ਜਾਂਦਾ ਹੈ ਕਿ ਮਸੂੜਿਆਂ ਦੇ ਟਿਸ਼ੂਆਂ ਦੀ ਜੜ੍ਹ ਵਿੱਚ ਟੁੱਟ ਭੱਜ ਤਾਂ ਨਹੀਂ ਹੈ ਜਾਂ ਫੇਰ ਤੁਹਾਡੇ ਮਸੂੜਿਆਂ ਅਤੇ ਦੰਦਾਂ ਵਿਚਕਾਰ ਪਾਕਟਾਂ (ਖਾਲੀ ਜਗ੍ਹਾ) ਤਾਂ ਨਹੀਂ ਬਣ ਰਹੀਆਂ।

*ਵੱਲੋ ਪੇਸ਼ ਕੀਤਾ ਗਿਆ*

Crest Oral-B

*ਪੀ ਐਂਡ ਜੀ ਪ੍ਰੋਫੈਸ਼ਨਲ ਓਰਲ ਹੈਲਥ*

## ਪੈਰੀਓਡੌਂਟਲ ਬਿਮਾਰੀ ਤੋਂ ਬਚਾਅ ਅਤੇ ਇਸਦੇ ਇਲਾਜ

ਇਲਾਜ ਇਸ ਗੱਲ ਤੇ ਨਿਰਭਰ ਕਰੇਗਾ ਕਿ ਪੈਰੀਓਡੌਂਟਲ ਬਿਮਾਰੀ ਕਿਸ ਕਿਸਮ ਦੀ ਹੈ ਅਤੇ ਉਹ ਕਿੰਨੀ ਦੂਰ ਤੱਕ ਫੈਲ ਚੁੱਕੀ ਹੈ। ਇਲਾਜ ਦੇ ਤਰੀਕਿਆਂ ਵਿੱਚ ਸ਼ਾਮਲ ਹਨ:



**ਸਕੇਲਿੰਗ -** ਮਸੂੜਿਆਂ ਦੇ ਉਪਰੋਂ ਅਤੇ ਥੱਲਿਓਂ ਪੇਪੜੀਆਂ ਨੂੰ ਹਟਾ ਕੇ ਦੰਦਾਂ ਨੂੰ ਸਾਫ਼ ਕਰਦੀ ਹੈ



**ਰੂਟ ਪਲੈਨਿੰਗ -** ਖੁਰਦਰੀਆਂ ਜੜ੍ਹਾਂ ਨੂੰ ਮੁਲਾਇਮ ਬਣਾਉਂਦਾ ਹੈ ਤਾਂ ਜੋ ਮਸੂੜਾ ਠੀਕ ਹੋ ਸਕੇ



**ਦੰਦਾਂ ਦੀ ਸਿੰਜਾਈ -** ਮਸੂੜਿਆਂ ਦੇ ਤਰਲ ਪਦਾਰਥ ਪਹੁੰਚਾ ਕੇ ਜਰਮਾਂ ਨੂੰ ਬਾਹਰ ਕੱਢਕੇ ਖ਼ਤਮ ਕਰਦੀ ਹੈ ਅਤੇ ਫੇਰ ਤੋਂ ਸਿਹਤਮੰਦ ਟਿਸ਼ੂ ਦਾ ਵਾਧਾ ਹੁੰਦਾ ਹੈ

ਜੇਕਰ ਡੂੰਘੀਆਂ ਪਾਕਟਾਂ ਬਣੀਆਂ ਹੋਣ ਅਤੇ ਹੱਡੀ ਨੂੰ ਵੀ ਨੁਕਸਾਨ ਹੋਇਆ ਹੈ ਤਾਂ ਤੁਹਾਡਾ ਡਾਕਟਰ ਤੁਹਾਨੂੰ ਪੈਰੀਓਡੌਂਟਲ ਸਰਜਰੀ ਦੀ ਸਲਾਹ ਦੇ ਸਕਦਾ ਹੈ।

*ਪੈਰੀਓਡੌਂਟਲ ਬਿਮਾਰੀ ਤੋਂ ਬਚਣ ਵਿੱਚ ਸਹਾਇਤਾ ਲਈ ਇਹ ਬਹੁਤ ਜ਼ਰੂਰੀ ਹੈ ਕਿ ਪੇਪੜੀ ਨਾ ਜੰਮਣ ਦਿੱਤੀ ਜਾਏ। ਨਿਯਮਿਤ ਤੌਰ ਤੇ ਮਾਹਿਰ ਤੋਂ ਸਫ਼ਾਈ ਕਰਵਾਉਣ ਦੇ ਨਾਲ-ਨਾਲ ਰੋਜ਼ ਬੁਰਸ਼ ਅਤੇ ਫਲੌਸ ਕਰਨਾ ਯਾਦ ਰੱਖੋ।*